## ਨਿਸ਼ਾਨ ਸਾਹਿਬਾਂ ਬਾਰੇ

ਪ੍ਰਸ਼ਨ ਸ਼ੰਕਾਵਾਦੀ ਸਜਨ : - ਇਥੇ ਤਖ਼ਤ ਹਜ਼ੂਰ ਸਾਹਿਬ ਤੇ ਦੋ, ਤੀਨ ਨਿਸ਼ਾਨ ਸਾਹਿਬ ਕਿਉਂ ਖੜੇ ਕੀਤੇ ਹਨ ? ਗੁਰਦਵਾਰੇ ਸਾਹਿਬ ਇਕੋ ਨਿਸ਼ਾਨ ਹੁੰਦਾ ਹੈ । ਇਥੇ ਤੀਨ ਕਿਉਂ ?

ਉਤਰ : - ਭਾਈ ਸ਼ੰਕਾਵਾਦੀ ਸਜਨੋ, ਸਾਮਨੇ ਦੇ ਦੋ ਨਿਸ਼ਾਨ ਸਾਹਿਬ ਗੁਰੂ ਸਾਹਿਬ ਜੀ ਦੇ ਮੀਰੀ ਪੀਰੀ ਨੂੰ ਜ਼ਾਹਰ ਕਰਦੇ ਹਨ । ਏਕ ਮੀਰੀ ਦਾ ਹੈ, ਏਕ ਪੀਰੀ ਦਾ । ਜੇੜ੍ਹਾ ਪਿਛਲੀ ਤਰਫ਼ ਤਖ਼ਤ ਸਾਹਿਬ ਜੀ ਦੇ ਨਾਲ ਉਤਲੀ ਪਉੜੀਆਂ ਦੇ ਨਾਲ ਜੋ ਖੜਾ ਕੀਤਾ ਹੋਯਾ ਹੈ, ਏਹ ਦੇਗ ਵ ਲੰਗਰ ਦਾ ਹੈ । ਜਿਸਤਰ੍ਹਾਂ ਕਿ ਕੁੰਭ ਦੇ ਮੇਲਿਆਂ ਤੇ ਅਪਨੇ ਅਪਨੇ ਸੰਤ ਮੰਡਲੀਆਂ ਵਲੋਂ ਧੁਜਾ ਖੜੀਆਂ ਕੀਤੀਆਂ ਜਾਂਦੀਆਂ ਹਨ । ਜਿਤਨਾ ਚਿਰ ਧੁਜਾ ਖੜੀ ਰਹੇਗੀ, ਉਤਨਾ ਚਿਰ ਲੰਗਰ ਭੰਡਾਰੇ ਹੁੰਦੇ ਰਹਿੰਦੇ ਹਨ । ਜਿਸ ਦਿਨ ਧੁਜਾ ਉਤਾਰ ਦੇਂਦੇ ਹਨ, ਉਸ ਦਿਨ ਸਾਰੀ ਪਬਲਿਕ ਨੂੰ ਰੌਸ਼ਨ ਹੋ ਜਾਂਦਾ ਹੈ ਕਿ ਮੇਲਾ ਸਮਾਪਤ ਹੋ ਗਯਾ ਹੈ, ਭੰਡਾਰੇ ਬੰਦ ਹੋ ਗਏ ਹਨ । ਇਥੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੇ ਜੋ ਧੁਜਾ ਲੰਗਰ ਦੇ ਨਿਸ਼ਾਨ ਸਾਹਿਬ ਦੇ ਸਰੂਪ ਵਿਚ ਲੈਹਿਰ ਰਹੀ ਹੈ, ਜਦੋਂ ਤੋਂ ਲੰਗਰ ਦੇਗਾਂ ਚਲ ਰਹੇ ਹਨ ਔਰ ਚਲਦੇ ਰਹਿਨਗੇ ।

ਦੋਹਰਾ ।
ਸ੍ਰੀ ਅਸਧੁਜ ਗੋਬਿੰਦ ਹਰਿ, ਗੁਰ ਕਰੁਣਾ ਕੋ ਖਾਨਿ ।
ਜਾ ਕੋ ਯਹਿ ਝੰਡੇ ਅਹੈ, ਦੂਸਰ ਨਾਮ ਨਿਸ਼ਾਨ ।

ਕਬਿਤ ।
ਝੂਲਤੇ ਨਿਸ਼ਾਨਨ ਸੋ ਜਾਨਯੋ ਜਾਇ ਗੁਰ ਹਾਜ਼ਰ
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਬਡਾਈ ਹੈ ।
ਝੂਲਤੇ ਨਿਸ਼ਾਨਨ ਹੀ ਸੋਂ ਖ਼ਾਲਸੇ ਕੋ ਬੋਲ ਬਾਲਾ
ਝੂਲਤੇ ਨਿਸ਼ਾਨਨ ਸੋਂ ਪੰਥ ਕੀ ਜੀਤਾਈ ਹੈ ।
ਝੂਲਤੇ ਨਿਸ਼ਾਨਨ ਸੋਂ ਧੌਂਸੇ ਔ ਨਗਾਰੇ ਸਾਥ
ਝੂਲਤੇ ਨਿਸ਼ਾਨਨ ਸੋਂ ਸ੍ਰੀ ਸਾਹਿਬ ਜੂ ਸਹਾਈ ਹੈ ।
ਝੂਲਤੇ ਨਿਸ਼ਾਨਨ ਸੋਂ ਗੁਰੋਂ ਕੇ ਦੁਵਾਰਨ ਮੈਂ
ਜੁਗੋ ਜੁਗ ਅਟਲ ਸ਼ੋਭਾ ਜਾਹਿ ਜਗ ਛਾਈ ਹੈ ।

ਸਮਾਪਤ
ਸਹੀ
ਗੁਰਪੰਥ ਸੇਵਕ
ਜੋਗਿੰਦਰ ਸਿੰਘ ਪੁਜਾਰੀ
ਜਥੇਦਾਰ ਸ੍ਰੀ ਤਖ਼ਤ ਅਬਚਲ ਨਗਰ ਸਚਖੰਡ ਹਜ਼ੂਰ ਸਾਹਿਬ
ਨਾਂਦੇੜ (ਮਹਾਰਾਸ਼ਟਰਾ) ਦਖਨ ।